# ਉਂਗਲੀਆਂ ਦੀ ਨਿਸ਼ਾਨਦੇਹੀ

## ਕਮੀਸ਼ਨੇਅਰਸ ਦੀ ਦੋਸਤਾਨਾ, ਭਰੋਸੇਯੋਗ ਸੇਵਾ ਦੇ ਨਾਲ ਹੁਣ ਉਂਗਲੀਆਂ ਦੇ ਨਿਸ਼ਾਨਾਂ ਦੇ ਨਤੀਜੇ ਜਲਦੀ ਹੀ ਮਿਲ ਜਾਂਦੇ ਹਨ ਉਂਗਲੀਆਂ ਦੀ ਡੀਜੀਟਲ ਨਿਸ਼ਾਨਦੇਹੀ – ਨਤੀਜੇ ਦਸ ਦਿਨਾਂ ਜਿਨ੍ਹੇਂ ਥੋੜੇ ਸਮੇਂ ਦੇ ਅੰਦਰ

ਸੱਭ ਤੋਂ ਜਲਦੀ, ਸੱਭ ਤੋਂ ਵੱਧ ਭਰੋਸੇਮੰਦ ਨਤੀਜਿਆਂ ਨੂੰ ਉਪਲਬਧ ਕਰਵਾਉਣ ਲਈ ਬੀ ਸੀ ਦੇ ਕਮੀਸ਼ਨੇਅਰਸ ਸਾਫ਼-ਸੁਥਰੀਆਂ ਡੀਜੀਟਲ (ਅੰਕਾਂ ਵਾਲੀ) ਉਂਗਲੀਆਂ ਦੀ ਨਿਸ਼ਾਨਦੇਹੀ ਸੇਵਾਵਾਂ ਦੀ ਪੇਸ਼ਕਸ਼ ਕਰਦੇ ਹਨ। ਸਾਨੂੰ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਹੈ ਅਤੇ ਅਸੀ RCMP ਨਾਲ ਸਿੱਧੇ ਕੰਮ ਕਰਦੇ ਹਾਂ। ਇਸ ਨਾਲ ਤੁਹਾਡਾ ਇੰਤਜ਼ਾਰ ਦਾ ਸਮਾਂ ਘੱਟ ਕੇ 72 ਘੰਟੇ ਹੋ ਜਾਂਦਾ ਹੈ, ਜਿਸ ਦਾ ਭਾਵ ਇਹ ਹੈ ਕਿ ਤੁਹਾਡੇ ਵੱਲੋਂ ਨਿਸ਼ਾਨਦੇਹੀ ਕਰਵਾਉਣ ਤੋਂ ਬਾਅਦ ਉਹਨਾਂ ਦੇ ਨਤੀਜੇ ਡਾਕ ਰਾਹੀਂ ਤੁਹਾਡੇ ਤਕ, 120 ਦਿਨਾਂ ਦੀ ਬਜਾਇ, ਕੰਮ ਦੇ ਤਿਨੰ ਦਿਨਾਂ ਵਿੱਚ ਪਹੁੰਚ ਜਾਣਗੇ।

ਉਂਗਲੀਆਂ ਦੀ ਡੀਜੀਟਲ ਨਿਸ਼ਾਨਦੇਹੀ ਦੇ ਨਾਲ ਨਾਲ, ਅਸੀ ਹਾਲਾਂ ਵੀ ਪਰੰਪਰਾਗਤ ਸਿਆਹੀ ਅਤੇ ਰੋਲ ਨਾਲ ਕੀਤੀ ਗਈ ਉਂਗਲੀਆਂ ਦੀ ਨਿਸ਼ਾਨਦੇਹੀ ਦੀ ਲੱਗਭਗ 120 ਦਿਨਾਂ ਦੇ ਸਮੇਂ ਵਿਚ ਪੂਰਾ ਕਰਨ ਦੀ ਪੇਸ਼ਕਸ਼ ਕਰਦੇ ਹਾਂ।

ਬੀ ਸੀ ਕਮੀਸ਼ਨੇਅਰਸ ਵੱਲੋਂ ਉਂਗਲੀਆਂ ਦੀ ਨਿਸ਼ਾਨਦੇਹੀ ਸੇਵਾਵਾਂ:

- ਦੋਸਤਾਨਾ, ਪੇਸ਼ਾਵਾਰ, ਅਤੇ ਜਾਣਕਾਰ ਕਮੀਸ਼ਨੇਅਰਸ ਵੱਲੋਂ ਦਿੱਤੀਆਂ ਜਾਂਦੀਆਂ ਹਨ;
- ਮੁਕਾਬਲੇ ਦੀ ਲਾਗਤ ਵਾਲੀਆਂ, ਸੁਯੋਗ ਅਤੇ ਤੁਰੰਤ ਹਨ;
- ਭਰੋਸੇਮੰਦ ਤਸਵੀਰ ਲਈ ਅਤੇ RCMP ਤਕ 72 ਘੰਟੇ ਵਰਗੇ ਥੋੜੇ ਸਮੇਂ ਵਿਚ ਪਹੁੰਚਾਉਣ ਲਈ ਨਵੀਨਤਮ ਡੀਜੀਟਲ ਤਕਨੀਕ ਦੀ ਵਰਤੋਂ ਕਰਦੇ ਹਨ (ਪਰੰਪਰਾਗਤ ਸਿਆਹੀ ਅਤੇ ਰੋਲ ਵਾਲਾ ਤਰੀਕਾ ਵੀ ਉਪਲਬਧ ਹੈ);
- ਕਈ ਜਗ੍ਹਾਂ ਤੇ ਕਈ-ਭਾਸ਼ਾਵਾਂ ਵਿਚ ਦਿੱਤੀਆਂ ਜਾਂਦੀਆਂ ਹਨ;

> ਬੀ ਸੀ ਭਰ ਵਿਚ ਕਈ ਜਗ੍ਹਾਂ ਤੇ ਉਪਲਬਧ ਸਾਡੀਆਂ ਚਲਦੀਆਂ-ਫਿਰਦੀਆਂ ਸੇਵਾਵਾਂ ਦੀ ਵਰਤੋਂ ਕਰਕੇ ਵੀ ਦਿੱਤੀਆਂ ਜਾ ਸਕਦੀਆਂ ਹਨ।

## ਤੁਸੀ ਆਪਣੀਆਂ ਉਂਗਲੀਆਂ ਦੇ ਨਿਸ਼ਾਨ ਕਿਸ ਤਰ੍ਹਾਂ ਦੇ ਸਕਦੇ ਹੋ

ਅਸੀ ਇਹ ਪੱਕਾ ਕਰਨਾ ਚਾਹੁੰਦੇ ਹਾਂ ਕਿ ਤੁਹਾਡਾ ਇਹ ਅਨੁਭਵ ਸੁਹਾਵਨਾ ਹੋਵੇ। ਸਾਡੇ ਸਨਮਾਨ ਪੂਰਣ ਅਤੇ ਹਿਤਕਾਰੀ ਸਟਾਫ਼ ਦੇ ਮੈਂਬਰ ਉਂਗਲੀਆਂ ਦੀ ਨਿਸ਼ਾਨਦੇਹੀ ਸੇਵਾਵਾਂ ਦੇਣ ਵਿਚ ਮਾਹਿਰ ਹਨ। ਉਂਗਲੀਆਂ ਦੀ ਨਿਸ਼ਾਨਦੇਹੀ ਦੀ ਵਿਧੀ ਨੂੰ ਤੇਜ਼ ਕਰਨ ਲਈ, ਇਹ ਪੱਕਾ ਕਰੋ ਕਿ ਸਾਡੇ ਦਫ਼ਤਰ ਵਿਚ ਆਉਣ ਤੋਂ ਪਹਿਲਾਂ ਸਾਰੀਆਂ ਜ਼ਰੂਰੀ ਚੀਜ਼ਾਂ ਨਾਲ ਲੈ ਕੇ ਆਓ। ਜੇ ਕਰ ਤੁਹਾਡੇ ਕੋਲ ਇਹਨਾਂ ਦੀ ਮੰਗ ਕਰਨ ਵਾਲੇ ਸਾਧਨ ਤੋਂ ਕੋਈ ਚਿੱਠੀ ਜਾਂ ਫਾਈਲ ਨੰਬਰ ਹੈ, ਤਂ ਕਿਰਪਾ ਕਰਕੇ ਆਪਣੇ ਨਾਲ ਲੈ ਕੇ ਆਓ।

## ਸ਼ਨਾਖਤ ਵਾਸਤੇ ਕਿਸ ਚੀਜ਼ ਦੀ ਲੋੜ ਹੁੰਦੀ ਹੈ

ਤੁਸੀਂ ਆਪਣੇ ਨਾਲ ਸਰਕਾਰ ਵੱਲੋਂ ਤਸਦੀਕ ਸ਼ਨਾਖਤ ਦੀਆਂ ਦੋ ਚੀਜ਼ਾਂ ਲੈ ਕੇ ਆਓ ਅਤੇ ਇਸ ਵਿਚੋਂ ਇੱਕ ਫੋਟੋ ਵਾਲੀ ਆਈ ਡੀ ਹੋਣੀ ਚਾਹੀਦੀ ਹੈ। ਹੇਠ ਲਿੱਖੀਆਂ ਸ਼ਨਾਖਤਾਂ ਨੂੰ ਮਨੰ ਲਿਆ ਜਾਂਦਾ ਹੈ:

> ਪਾਸਪੋਰਟ
> ਸਿਟੀਜ਼ਨਸ਼ਿਪ ਕਾਰਡ ਜਾਂ ਦਸਤਾਵੇਜ਼
> ਇਮੀਗ੍ਰੇਸ਼ਨ ਦਸਤਾਵੇਜ਼ (ਜਿਂਵੇ ਕਿ ਲੈਂਡਿੰਗ ਦੇ ਕਾਗਜ਼)
> ਜਨਮ ਦਾ ਸਰਟੀਫਿਕੇਟ
> ਡਰਾਇਵਰ ਲਾਈਸੈਂਸ
> ਹੈਲਥ ਕਾਰਡ
> ਪਰਮਾਨੈਂਟ ਰੇਜ਼ਿਡੈਂਟ ਕਾਰਡ ਜਾਂ ਸਿਟਿਜ਼ਨਸ਼ਿਪ ਦੀ ਅਰਜ਼ੀ ਲਈ ਲੈਂਡਿੰਗ ਦਾ ਰਿਕਾਰਡ

> ਸਰਕਾਰੀ ਆਈ ਡੀ

ਨੋਟ: ਕੈਨੇਡਾ ਦੀ ਨਾਗਰਿਕਤਾ ਲਈ ਕੀਤੀਆਂ ਜਾਣ ਵਾਲੀਆਂ ਉਂਗਲੀਆਂ ਦੀ ਨਿਸ਼ਾਨਦੇਹੀ ਲਈ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕੈਨੇਡਾ ਵੱਲੋਂ ਭੇਜੀ ਜਾਣ ਵਾਲੀ ਚਿੱਠੀ ਜ਼ਰੂਰ ਸ਼ਾਮਿਲ ਕੀਤੀ ਜਾਵੇ। ਇਸ ਚਿੱਠੀ ਤੇ ਤੀਸਰੀ ਪਾਰਟੀ ਦਾ ਪਤਾ ਜ਼ਰੂਰ ਹੋਣਾ ਚਾਹੀਦਾ ਹੈ ਅਤੇ CIC ਦਾ ਫਾਈਲ ਨੰਬਰ ਜ਼ਰੂਰ ਹੋਣਾ ਚਾਹੀਦਾ ਹੈ, ਜਿਸ ਨੂੰ ਕਿ ਤੁਹਾਡੀ ਫਾਈਲ ਨਾਲ ਭੇਜਿਆ ਜਾ ਸਕੇ। ਕਿਰਪਾ ਕਰਕੇ ਆਪਣੀਆਂ ਉਂਗਲੀਆਂ ਦੀ ਨਿਸ਼ਾਨਦੇਹੀ ਕਰਵਾਉਣ ਵੇਲੇ ਆਪਣੀ ਚਿੱਠੀ ਨੂੰ ਨਾਲ ਜ਼ਰੂਰ ਲੈ ਕੇ ਆਓ।

ਜੇ ਕਰ ਤੁਹਾਡੇ ਕੋਈ ਸਵਾਲ ਹਨ ਤਾਂ ਸਾਡਾ ਅਨੁਭਵੀ ਸਟਾਫ਼ ਸਾਰੇ ਜਵਾਬ ਦੇਵੇਗਾ।

**ਫ਼ੀਸ**

ਡੀਜੀਟਲ: 45 ਡਾਲਰ ਜੀ ਏਸ ਟੀ ਦੇ ਨਾਲ (ਇਸਦੇ ਨਾਲ ਜੇਕਰ ਲਾਗੂ ਹੋਵੇ ਤਾਂ RCMP ਲਈ 25 ਡਾਲਰ ਦੀ ਫ਼ੀਸ)

ਸਿਆਹੀ ਅਤੇ ਰੋਲ ਵਾਲੇ: 30 ਡਾਲਰ ਜੀ ਏਸ ਟੀ ਦੇ ਨਾਲ (ਇਸਦੇ ਨਾਲ ਜੇਕਰ ਲਾਗੂ ਹੋਵੇ ਤਾਂ RCMP ਲਈ 25 ਡਾਲਰ ਦੀ ਫ਼ੀਸ)

**ਭੁਗਤਾਨ ਦਾ ਤਰੀਕਾ**

ਅਸੀ ਕੈਸ਼, ਮਾਸਟਰ ਕਾਰਡ, ਵੀਜ਼ਾ, ਅਮੈਰੀਕਨ ਐਕਸਪ੍ਰੈਸ ਜਾਂ ਬੈਂਕ ਕਾਰਡ ਲੈਂਦੇ ਹਾਂ।

**ਅਪਾਇੰਟਮੈਂਟਾਂ**

ਕੋਈ ਅਪਾਇੰਟਮੈਂਟਾਂ ਦੀ ਲੋੜ ਨਹੀਂ।

**ਲੋਕੇਸ਼ਨ (ਜਗ੍ਹਾ)**

ਉਂਗਲੀਆਂ ਦੀ ਨਿਸ਼ਾਨਦੇਹੀ ਸੇਵਾਵਾਂ ਸਾਡੇ ਵੈਨਕੂਵਰ, ਸਰੀ ਅਤੇ ਕਿਲੋਅਨਾ ਵਾਲੇ ਕੇਂਦਰਾਂ ਵਿਚ ਉਪਲਬਧ ਹਨ। ਉਂਗਲੀਆਂ ਦੀ ਨਿਸ਼ਾਨਦੇਹੀ ਦੀਆਂ ਸੇਵਾਵਾਂ ਦੀ ਪੇਸ਼ਕਸ਼ ਅਸੀ ਆਪਣੀਆਂ ਸਹੂਲਤ ਵਾਲੀਆਂ ਮੋਬਾਇਲ ਸੇਵਾਵਾਂ **ਰਾਹੀਂ ਵੀ ਦਿੰਦੇ ਹਾਂ**, ਜਿਸ ਵਿਚ ਸਾਡੇ ਮਾਹਿਰ, ਇੱਕ ਗਰੁਪ ਦੀਆਂ ਉਂਗਲੀਆਂ ਦੀ ਨਿਸ਼ਾਨਦੇਹੀ ਲਈ ਤੁਹਾਡੇ ਕੋਲ ਆ ਜਾਂਦੇ ਹਨ।

| **ਵੈਨਕੂਵਰ*** | **ਕਿਲੋਅਨਾ** ** | **ਸਰੀ*** |
|---|---|---|
| ਮੁੱਖ ਦਫ਼ਤਰ | Southern Interior Regional Office (ਦੱਖਣੀ ਇਨਟੀਰੀਅਰ ਖ਼ੇਤਰੀ ਦਫ਼ਤਰ) | |
| 801 – 595 Howe Street, Box 22 | 103 – 346 Lawrence Avenue | 205 – 12725 80th Avenue |
| Vancouver BC | Kelowna BC | Surrey BC |
| V6C 2T5 | V1Y 6L4 | V3W 3A6 |
| ਕੰਮ ਦੇ ਘੰਟੇ<br>ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9 ਤੋਂ ਸ਼ਾਮ 5 ਵਜੇ ਤਕ | ਕੰਮ ਦੇ ਘੰਟੇ<br>ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 8 ਤੋਂ ਸ਼ਾਮ 4 ਵਜੇ ਤਕ | ਕੰਮ ਦੇ ਘੰਟੇ<br>ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 8:30 ਤੋਂ ਸ਼ਾਮ 4:30 ਵਜੇ ਤਕ |
| ਫੋਨ 604 646 3330 | ਫੋਨ 250 979 4773 | ਫੋਨ 604 595 4099 |
| ਨਿ:ਸ਼ੁਲਕ 877 322 6777 | ਨਿ:ਸ਼ੁਲਕ 877 322 6777 | ਨਿ:ਸ਼ੁਲਕ 877 322 6777 |
| ਫੈਕਸ 604 681 0016 | ਫੈਕਸ 250 763 1099 | ਫੈਕਸ 604 595 4098 |
| ਈਮੇਲ<br>id.vancouver@commissionaires.bc.ca | ਈਮੇਲ<br>id.kelowna@commissionaires.bc.ca | ਈਮੇਲ<br>id.surrey@commissionaires.bc.ca |

*ਸਾਡੀ ਵੈਨਕੁਵਰ ਅਤੇ ਸਰੀ ਵਾਲੀ ਥਾਂ ਤੇ ਅਤੇ ਲੋਅਰ ਮੇਨਲੈਂਡ ਵਿਚ ਸਾਡੇ ਚੱਲਦੇ-ਫਿਰਦੇ ਯੂਨਿਟ ਰਾਂਹੀ ਡੀਜੀਟਲ ਸੇਵਾਵਾਂ ਉਪਲਬਧ ਹਨ।

**ਇਸ ਵੇਲੇ ਕਲੋਅਨਾ ਵਾਲੀ ਸਾਡੀ ਥਾਂ ਤੋਂ ਡੀਜੀਟਲ ਸੇਵਾਵਾਂ ਉਪਲਬਧ ਨਹੀਂ ਹਨ।

## ਉਂਗਲੀਆਂ ਦੀ ਨਿਸ਼ਾਨਦੇਹੀ ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਸਵਾਲ

### ਉਂਗਲੀਆਂ ਦੀ ਨਿਸ਼ਾਨਦੇਹੀ ਦੀ ਕਿਸ ਨੂੰ ਲੋੜ ਹੈ?

> **ਇਮੀਗ੍ਰੇਸ਼ਨ ਦੀ ਅਰਜ਼ੀ ਦੇਣ ਵਾਲੇ:** ਜੇ ਕਰ ਤੁਸੀ ਕੈਨੇਡਾ ਵਿਚ ਇਮੀਗ੍ਰੇਸ਼ਨ ਕਰਵਾਉਣਾ ਚਾਂਹੁਦੇ ਹੋ ਤਾਂ ਤੁਹਾਨੂੰ ਉਂਗਲੀਆਂ ਦੇ ਨਿਸ਼ਾਨਾਂ ਨਾਲ ਪੁਲਿਸ ਵਲੋਂ ਕਲੀਅਰੈਂਸ ਲੈਣ ਦੀ ਲੋੜ ਹੋ ਸਕਦੀ ਹੈ।

> **ਸਿਟੀਜ਼ਨਸ਼ਿਪ ਦੀ ਅਰਜ਼ੀ ਦੇਣ ਵਾਲੇ:** ਜੇ ਕਰ ਤੁਸੀ ਕੈਨੇਡਾ ਵਿਚ ਨਾਗਰਿਕਤਾ ਦੀ ਅਰਜ਼ੀ ਦੇ ਰਹੇ ਹੋ ਤਾਂ ਤੁਹਾਨੂੰ ਉਂਗਲੀਆਂ ਦੇ ਨਿਸ਼ਾਨਾਂ ਨਾਲ ਪੁਲਿਸ ਵਲੋਂ ਕਲੀਅਰੈਂਸ ਲੈਣ ਦੀ ਲੋੜ ਹੋ ਸਕਦੀ ਹੈ।

> **ਪਰਮਾਨੈਂਟ ਰੈਜ਼ਿਡੈਂਟ ਦੀ ਅਰਜ਼ੀ ਦੇਣ ਵਾਲੇ:** ਜੇ ਕਰ ਤੁਸੀ ਕੈਨੇਡਾ ਵਿਚ ਪਰਮਾਨੈਂਟ ਰੈਜ਼ਿਡੈਂਟ ਦੀ ਅਰਜ਼ੀ ਦੇ ਰਹੇ ਹੋ ਤਾਂ ਤੁਹਾਨੂੰ ਉਂਗਲੀਆਂ ਦੇ ਨਿਸ਼ਾਨਾਂ ਨਾਲ ਪੁਲਿਸ ਵਲੋਂ ਕਲੀਅਰੈਂਸ ਲੈਣ ਦੀ ਲੋੜ ਹੋ ਸਕਦੀ ਹੈ।

> **ਸੁਰੱਖਿਆ ਦੇ ਲਾਈਸੈਂਸ ਦੀ ਅਰਜ਼ੀ ਦੇਣ ਵਾਲ਼ੇ:** ਉਹ ਵਿਅਕਤੀ ਜਾਂ ਗਰੁਪ ਜਿਹੜੇ ਸੁਰੱਖਿਆ ਸੇਵਾ ਵਿਚ ਕੰਮ ਕਰਨ ਦੇ ਲਾਈਸੈਂਸ ਲਈ ਅਰਜ਼ੀ ਦੇ ਰਹੇ ਹਨ ਉਹਨਾਂ ਨੂੰ ਆਪਣੀ ਅਰਜ਼ੀ ਦੇ ਇੱਕ ਹਿੱਸੇ ਵਜੋਂ ਕਰਵਾਣੇ ਪੈ ਸਕਦੇ ਹਨ।

> **ਅੰਤ੍ਰਰਾਸ਼ਟ੍ਰੀ ਤੋਰ ਤੇ ਗੋਦ ਲੈਣ ਦੀ ਅਰਜ਼ੀ ਦੇਣ ਲਈ:** ਜੇ ਕਰ ਤੁਸੀ ਵਿਦੇਸ਼ ਵਿਚੋਂ ਕਿਸੇ ਦੇਸ਼ ਵਿਚੋਂ ਕੋਈ ਬੱਚਾ ਗੋਦ ਲੈਣ ਲਈ ਤੁਹਾਨੂੰ ਉਂਗਲੀਆਂ ਦੇ ਨਿਸ਼ਾਨਾਂ ਨਾਲ ਪੁਲਿਸ ਵਲੋਂ ਕਲੀਅਰੈਂਸ ਲੈਣ ਦੀ ਲੋੜ ਹੋ ਸਕਦੀ ਹੈ।

> **ਵਿਦੇਸ਼ ਯਾਤ੍ਰਾ, ਪਾਸਪੋਰਟ, ਕੰਮ ਦੇ ਪਰਮਿਟ, ਵੀਜ਼ੇ ਅਤੇ ਯੂ ਐਸ ਤੋਂ ਛੋਟ ਲੈਣ ਦੀ ਅਰਜ਼ੀ ਦੇਣ ਲਈ:** ਉਹ ਲੋਕ ਜਿਹੜੇ ਕਿਸੇ ਹੋਰ ਦੇਸ਼ ਵਿਚ ਸੈਰ ਜਾਂ ਕੰਮ ਕਰਨ ਲਈ ਕਿਸੇ ਦੂਸਰੀ ਦੇਸ਼ ਜਾਣਾ ਚਾਹੁੰਦੇ ਹਨ ਉਹਨਾਂ ਨੂੰ ਪੁਲਿਸ ਵਲੋਂ ਕਲੀਅਰੈਂਸ ਲੈਣ ਦੀ ਲੋੜ ਹੋ ਸਕਦੀ ਹੈ।

### ਉਂਗਲੀਆਂ ਦੀ ਡੀਜੀਟਲ ਨਿਸ਼ਾਨਦੇਹੀ ਕੀ ਹੈ?

ਉਂਗਲੀਆਂ ਦੀ ਡੀਜੀਟਲ ਨਿਸ਼ਾਨਦੇਹੀ ਤਸਵੀਰ ਖ਼ਿਚਣ ਵਾਲੇ ਸਟੇਸ਼ਨ ਤੇ ਬਿਜਲੀ, ਨਾਲ ਤਸਵੀਰ ਖਿਚਣ ਵਾਲੇ ਇੱਕ ਆਪਟੀਕਲ ਸਕੈਨਰ (ਉਹ ਜੰਤ੍ਰ ਜਿਹੜਾ ਅਖ਼ਰਾਂ ਅਤੇ ਤਸਵੀਰਾਂ ਨੂੰ ਪੜ ਲੈਂਦਾ ਹੈ) ਨਾਲ ਤਸਵੀਰ ਖ਼ਿਚਣ ਨੂੰ ਕਹਿੰਦੇ ਹਨ। ਸਕੈਨ ਕੀਤੇ ਹੋਏ ਉਂਗਲੀਆਂ ਦੇ ਨਿਸ਼ਾਨ, ਅਰਜ਼ੀ ਦਾ ਵਰਣਨ ਸਮੇਤ, ਇੱਕ ਪਹਿਲਾਂ ਤੋਂ ਬਣੇ ਹੋਏ ਇਲੈਕਟ੍ਰੋਨਿਕ ਪੈਕੇਜ ਵਿੱਚ ਪਾ ਦਿੱਤਾ ਜਾਂਦਾ ਹੈ ਅਤੇ ਇੱਕ ਸੁਰੱਖਿਅਤ ਲਿੰਕ ਨਾਲ ਈਮੇਲ ਰਾਂਹੀ, RCMP ਕੇ ਕੈਨੀਡਅਨ ਕਰੀਮੀਨਲ ਰੀਅਲ ਟਾਈਮ ਇਨਫਰਮੇਸ਼ਨ ਸਿਸਟਮ

(ਕੈਨੇਡਾ ਦੀ ਗੁਨਾਹ ਦੀ ਅਸਲ ਸਮੇਂ ਦੀ ਜਾਣਕਾਰੀ ਪ੍ਰਣਾਲੀ)(CCRTIS) ਨੂੰ ਭੇਜ ਦਿੱਤਾ ਜਾਂਦਾ ਹੈ।

CCRTIS ਉਂਗਲੀਆਂ ਦੇ ਨਿਸ਼ਾਨਾਂ ਦੇ ਪੈਕੇਜ ਨੂੰ RCMP ਦੇ ਮੁਜਰਮਾਂ ਦੇ ਰਿਕਾਰਡ ਦੇ ਡਾਟਾਬੇਸ (ਖ਼ਾਤੇ) ਦੇ ਨਾਲ ਮਿਲਾਇਆ ਜਾਂਦਾ ਹੈ। ਜੇ ਕਰ ਕੋਈ ਵੀ ਰਿਕਾਰਡ ਨਾ ਹੋਵੇ, ਤਾਂ RCMP ਇੱਕ ਸਾਫ਼ ਰਿਕਾਰਡ ਦਾ ਸੰਕੇਤ ਦਿੰਦੇ ਹੋਏ ਇੱਕ ਸਰਟੀਫੀਕੇਟ ਦਿੰਦਾ ਹੈ। ਜੇ ਕਰ ਅਰਜ਼ੀ ਦੇਣ ਵਾਲੇ ਦਾ ਕੋਈ ਮੁਜਰਮਾਂ ਵਾਲਾ ਰਿਕਾਰਡ ਹੋਵੇ ਤਾਂ ਨਤੀਜੇ ਵਿੱਚ ਇਹ ਲਿੱਖ ਦਿੱਤਾ ਜਾਵੇਗਾ।

## RCMP ਵੱਲੋਂ ਉਂਗਲੀਆਂ ਦੇ ਡੀਜੀਟਲ ਨਿਸ਼ਾਨਾ ਨੂੰ ਪੂਰਾ ਕਰਨ ਵਿਚ ਕਿਨ੍ਹਾਂ ਸਮਾਂ ਲੱਗੇਗਾ?

ਜੇ ਕਰ ਤੁਹਾਡਾ ਕੋਈ ਮੁਜਰਮਾਂ ਵਾਲਾ ਰਿਕਾਰਡ ਨਹੀਂ ਅਤੇ ਨਾ ਹੀ ਤੁਹਾਨੂੰ ਕਦੀ ਵੀ ਕਿਸੇ ਮੁਜਰਮਾਂ ਵਾਲੇ ਜ਼ੁਰਮ ਲਈ ਉਂਗਲੀਆਂ ਦੇ ਨਿਸ਼ਾਨ ਦੇਣ ਲਈ ਨਾ ਕਿਹਾ ਗਿਆ ਹੋਵੇ ਤਾਂ, RCMP ਇਲੈਕਟ੍ਰੌਨਿਕ ਦਰਖਾਸਤ ਮਿਲੱਣ ਤੋਂ ਬਾਅਦ ਹਰ ਕੋਸ਼ਿਸ਼ ਕਰਦੀ ਹੈ ਕਿ ਤੁਹਾਡੀ ਬੇਨਤੀ ਨੂੰ 72 ਘੰਟੇਆਂ ਦੇ ਵਿਚ ਪੂਰਾ ਕਰਨ ਦਿੱਤਾ ਜਾਵੇ। (ਇਸ ਦਾ ਅਰਥ ਹੈ ਕਿ RCMP 72 ਘੰਟੇਆਂ ਦੇ ਅੰਦਰ ਨਤੀਜੇਆਂ ਨੂੰ ਤੁਹਾਡੇ ਤਕ ਪਹੁੰਚਾਉਣ ਲਈ "ਡਾਕ ਵਿਚ" ਪਾ ਦੇਵੇਗੀ।) ਇਸ ਕਰਕੇ, ਕਿਰਪਾ ਕਰਕੇ ਆਪਣੀਆਂ ਉਂਗਲੀਆਂ ਦੇ ਨਿਸ਼ਾਨਾ ਦੇ ਨਤੀਜੇਆਂ ਦੀ ਸਥਿਤੀ ਬਾਰੇ ਜਾਣਕਾਰੀ ਲੈਣ ਤੋਂ ਪਹਿਲਾਂ ਡਾਕ ਦੇ ਮਿੱਲਣ ਨੂੰ ਪੂਰਾ ਸਮਾਂ ਦਿਓ। ਜੇ ਕਰ ਸਿੱਧ ਕਰਨ ਦੀ ਵਿਧੀ ਦੇ ਦੌਰਾਨ ਕੋਈ ਮੁਜਰਮਾਂ ਵਾਲਾ ਰਿਕਾਰਡ ਮਿਲ ਜਾਂਦਾ ਹੈ, ਤਾਂ ਇਸ ਨੂੰ ਪੂਰਾ ਕਰਨ ਦਾ ਵਕਤ 120 ਦਿਨਾਂ ਤਕ ਵੱਧ ਜਾਂਦਾ ਹੈ।

## RCMP ਵੱਲੋਂ ਪਰੰਪਰਾਗਤ ਸਿਆਹੀ ਅਤੇ ਰੋਲ ਨਾਲ ਲਿੱਤੇ ਗਏ ਉਂਗਲੀਆਂ ਦੇ ਨਿਸ਼ਾਨਾਂ ਨੂੰ ਕਿਨ੍ਹੀ ਦੇਰ ਲੱਗਦੀ ਹੈ?

ਮੁਜਰਮਾਂ ਵਾਲੇ ਰਿਕਾਰਡ ਬਾਰੇ ਸਿੱਧ ਕਰਨ ਲਈ ਕਾਗਜ਼ਾਂ ਤੇ ਆਧਾਰਤ ਉਂਗਲੀਆਂ ਦੇ ਨਿਸ਼ਾਨਾ ਦੀ ਦਰਖ਼ਾਸਤ ਨੂੰ ਉਹਨਾਂ ਵਿਅਕਤੀਆਂ ਲਈ ਪੂਰਾ ਕਰਨ ਨੂੰ 120 ਦਿਨ ਲੱਗ ਜਾਂਦੇ ਹਨ ਜਿਹਨਾਂ ਦਾ ਕੋਈ ਮੁਜਰਮਾਂ ਵਾਲਾ ਰਿਕਾਰਡ ਨਹੀਂ ਹੁੰਦਾ ਅਤੇ ਜਿਹਨਾਂ ਦੇ ਕਿਸੇ ਮੁਜਰਮਾਂ ਵਾਲੇ ਅਪਰਾਧ ਲਈ ਕਦੀ ਉਂਗਲੀਆਂ ਦੇ ਨਿਸ਼ਾਨ ਨਾ ਦਿੱਤੇ ਹੋਣ। ਜੇਕਰ ਸਿੱਧ

ਕਰਨ ਦੀ ਵਿਧੀ ਦੇ ਦੌਰਾਨ ਕੋਈ ਮੁਜਰਮਾਂ ਵਾਲਾ ਰਿਕਾਰਡ ਸਾਹਮਣੇ ਆ ਜਾਂਦਾ ਹੈ ਤਾਂ, ਉਸ ਨੂੰ ਵਾਪਿਸ ਆਉਣ ਦਾ ਸਮਾਂ 120 ਦਿਨਾਂ ਤੋਂ ਵੀ ਵੱਧ ਸਕਦਾ ਹੈ।

**ਜਦੋਂ ਇੱਕ ਵਾਰ ਮੇਰੀ ਦਰਖ਼ਾਸਤ ਨੂੰ RCMP ਨੂੰ ਭੇਜ ਦਿੱਤਾ ਜਾਂਦਾ ਹੈ ਤਾਂ ਉਸ ਤੋਂ ਬਾਅਦ ਮੈਂ ਉਸ ਬਾਰੇ ਕਿਸ ਵੇਲੇ ਪੁੱਛ ਸਕਦਾ/ਸਕਦੀ ਹਾਂ?**

ਕਮੀਸ਼ਨੇਅਰਸ ਸਾਡੇ ਸਾਰੇ ਹੀ ਗ੍ਰਾਹਕਾਂ ਨੂੰ ਸੱਭ ਤੋਂ ਵਧੀਆ ਸੇਵਾ ਦਿੰਦੇ ਹਨ। ਗਾਹਕਾਂ ਨੂੰ ਇਹ ਦੱਸ ਦਿੱਤਾ ਜਾਂਦਾ ਹੈ ਇੱਕ ਵਾਰ ਜਦੋਂ RCMP ਕਮੀਸ਼ਨੇਅਰਸ ਨੂੰ ਇਹ ਸੂਚਨਾ ਦੇ ਦਿੰਦੇ ਹਨ ਕਿ ਉਹਨਾਂ ਨੂੰ ਇਲੈਕਟ੍ਰੋਨਿਕ ਦਰਖ਼ਾਸਤ ਮਿੱਲ ਗਈ ਹੈ ਅਤੇ ਉਸ ਤੇ ਸਫ਼ਲਤਾ ਨਾਲ ਕੰਮ ਕੀਤਾ ਜਾ ਰਿਹਾ ਹੈ, ਤਾਂ ਉਸ ਤੋਂ ਬਾਅਦ RCMP ਕਮੀਸ਼ਨੇਅਰਸ ਨੂੰ ਇਸ ਬਾਰੇ ਕੋਈ ਵੀ ਸੂਚਨਾ ਨਹੀਂ ਦਿੱਤੀ ਜਾਵੇਗੀ। ਗਾਹਕ (ਉਦਾਹਰਣ ਲਈ, ਅਰਜ਼ੀ ਦੇਣ ਵਾਲਾ ਜਾਂ ਮਾਨਤਾ ਪ੍ਰਾਪਤ ਕੋਈ ਤੀਸਰੀ ਪਾਰਟੀ RCMP ਦੀ ਸਿਵਿਲ ਫਿੰਗਰਪ੍ਰਿੰਟਿੰਗ ਸਕਰੀਨਿੰਗ ਸਰਵਿਸਸ ਨੂੰ 613-998-6362 ਤੇ ਫ਼ੋਨ ਕਰਕੇ ਜਾਂ **civilnps@rcmp-grc.gc.ca** ਤੇ ਉਹਨਾਂ ਦੇ ਇਲੈਕਟ੍ਰੋਨਿਕ ਅਤੇ/ਜਾਂ ਪੇਪਰ ਤੇ ਆਧਾਰਤ ਸਿਆਹੀ ਅਤੇ ਰੋਲ ਵਾਲੀ ਦਰਖ਼ਾਸਤ ਬਾਰੇ ਪਤਾ ਕਰ ਸਕਦੇ ਹਨ।

**ਕਿ ਮੈਨੂੰ ਅਪਾਇੰਟਮੈਂਟ ਦੀ ਲੋੜ ਹੈ?**

ਕੋਈ ਅਪਾਇੰਟਮੈਂਟ ਜ਼ਰੂਰੀ ਨਹੀਂ।

**ਮੈਨੂੰ ਉਂਗਲੀਆਂ ਦੇ ਨਿਸ਼ਾਨ ਕਰਵਾਉਣ ਵਿਚ ਕਿਨ੍ਹਾਂ ਸਮਾਂ ਲੱਗੇਗਾ?**

ਸਾਡੀ ਡੀਜੀਟਲ ਵਿਧੀ ਤੁਰੰਤ ਅਤੇ ਸੁਯੋਗ ਹਨ ਅਤੇ ਇਸ ਨੂੰ ਪੂਰਾ ਕਰਨ ਵਿਚ ਲਗਭਗ 20 ਮਿੰਟ ਲੱਗਦੇ ਹਨ। ਸਾਡੇ ਪਰੰਪਰਾਗਤ ਸਿਆਹੀ ਅਤੇ ਰੋਲ ਵਾਲਾ ਤਰੀਕੇ ਨੂੰ ਪੂਰਾ ਕਰਨ ਵਿਚ ਲਗਭਗ ਦਸ ਮਿੰਟ ਲੱਗਦੇ ਹਨ।

**ਮੈਨੂੰ ਆਪਣੇ ਨਤੀਜੇ ਮਿੱਲਣਗੇ?**

ਤੁਹਾਡੇ ਜ਼ੁਰਮ ਦੇ ਬਾਰੇ ਰਿਕਾਰਡ ਦੇ ਨਤੀਜੇ ਸਿੱਧੇ ਤੁਹਾਨੂੰ ਜਾਂ ਮਾਨਤਾ ਪ੍ਰਾਪਤ ਕਿਸੇ ਤੀਜੀ ਪਾਰਟੀ ਨੂੰ, ਜਿੰਵੇ ਕਿ ਤੁਹਾਡੇ ਪਰਿਵਾਰ ਦਾ ਸੱਦਸ, ਇਮੀਗ੍ਰੇਸ਼ਨ ਜਾਂ ਮੁਆਫ਼ ਏਜੰਸੀ, ਇੱਕ ਕਰਮਚਾਰੀ, ਵਗੈਹਰਾ ਨੂੰ ਭੇਜ ਦਿੱਤੇ ਜਾਂਦੇ ਹਨ। ਜੇ ਕਰ ਤੁਸੀ 18 ਸਾਲਾਂ ਤੋਂ ਘੱਟ ਹੋਵੋ ਤਾਂ ਨਤੀਜੇ ਤੁਹਾਨੂੰ ਜਾਂ ਤੁਹਾਡੇ ਘਰ ਦੇ ਪਤੇ ਤੇ ਭੇਜਿਆ ਜਾ ਸਕਦਾ ਹੈ। ਕਿਰਪਾ ਕਰਕੇ

ਨਿਸ਼ਚਤ ਕਰੋ ਕਿ ਤੁਸੀ ਘਰ ਦੇ ਜਾਂ ਤੀਸਰੀ ਪਾਰਟੀ (ਜੇ ਜ਼ਰੂਰੀ ਹੋਵੇ) ਦੇ ਪਤੇ ਦੇ ਵਿਚ ਪੋਸਟਲ ਕੋਡ, ਅਪਾਰਟਮੈਂਟ ਨੰਬਰ ਅਤੇ ਆਫ਼ਿਸ ਸੂਇਟ ਨੰਬਰ ਜ਼ਰੂਰ ਸ਼ਾਮਿਲ ਕਰੋ।

## ਕਿ ਮੈਨੂੰ ਇਕ ਕਾਪੀ ਮਿੱਲੇਗੀ?

ਇਸ ਕੰਮ ਲਈ ਦਿੱਤੀ ਗਈ ਫ਼ੀਸ ਦੇ ਨਾਲ ਹੀ ਸਾਰੇ ਪ੍ਰਾਰਥੀਆਂ ਨੂੰ RCMP ਨੂੰ ਡੀਜੀਟਲ ਦਰਖ਼ਾਸਤ ਦੀ ਇੱਕ ਸੱਚੀ ਕਾਪੀ ਮਿੱਲ ਸਕਦੀ ਹੈ।